D:\Re-allocation 2017\letters 2017.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਸੇਵਾ ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,
ਬਠਿੰਡਾ।

ਨੰ:ਪਵਸਸਬ-2017/ਵ-2/ 19790 ਮਿਤੀ: 29/10/18

ਵਿਸ਼ਾ:- ਅਰਬਨ ਮਿਸ਼ਨ ਤਹਿਤ ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਦੇ ਸੀਵਰੇਜ਼ ਦੇ ਚੱਲ ਰਹੇ ਕੰਮ ਦੇ ਫੰਡਜ਼ ਰਲੀਜ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਡਿਪਟੀ ਕਮਿਸ਼ਨਰ, ਫਾਜਿਲਕਾ ਵਲੋਂ ਪ੍ਰਾਪਤ ਪੱਤਰ ਨੰ: 637-638 ਮਿਤੀ 12.10.2018 ਦੀ ਨਕਲ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ/- ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

ਨਵੀਂ ਡਾਕ/ਮਿਤੀ 16/10/18

ਸੀ.ਈ.ਓ

# OFFICE OF DEPUTY COMMISSIONER, FAZILKA
# ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

ਸੇਵਾ ਵਿਖੇ,

ਮੈਨੇਜਿੰਗ ਡਾਇਰੈਕਟਰ,
ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਚੰਡੀਗੜ੍ਹ।
ਨੰਬਰ: ਮਿਤੀ:

ਵਿਸ਼ਾ:- ਅਰਬਨ ਮਿਸ਼ਨ ਤਹਿਤ ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਦੇ ਸੀਰਵੇਜ਼ ਦੇ ਚੱਲ ਰਹੇ ਕੰਮ ਦੇ ਫੰਡਜ਼ ਰਲੀਜ਼ ਕਰਨ ਬਾਰੇ।

ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਮਿਤੀ: 5/10/2018 ਨੂੰ ਨਿਮਨਹਸਤਾਖਰੀ ਵਲੋਂ ਜਿਲੇ ਦੇ ਵਿਕਾਸ ਕੰਮਾਂ ਦੀ ਸਮੀਖਿਆ ਕਰਦੇ ਹੋਏ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਜਿਲੇ ਦੀ ਨਗਰ ਪੰਚਾਇਤ ਅਰਨੀਵਾਲਾ ਸ਼ੇਖਸੁਭਾਨ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਹੇਠ ਲਿਖੇ ਅਨੁਸਾਰ ਕੰਮ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵਲੋਂ ਅਰਬਨ ਮਿਸ਼ਨ ਤਹਿਤ ਮਨਜ਼ੂਰ ਕੀਤੇ ਗਏ ਹਨ:-

Providing, Water Supply & Sewerage, Const. of Roads, MPS's, STP's, OHSR complete with SCADA at Arniwala Sheikh Subhan

| | | |
|---|---|---|
| (i) | Water Supply:- | Rs. 9.28 Cr. |
| (ii) | Sewerage:- | Rs. 22.25 Cr |
| | Total | Rs. 31.53 Cr. |

ਇਹ ਕੰਮ ਦੀ ਪ੍ਰਗਤੀ ਬਹੁੱਤ ਹੀ ਘੱਟ ਹੈ ਅਤੇ ਕੰਮ ਨਾ ਦੇ ਬਰਾਬਰ ਚਲ ਰਿਹਾ ਹੈ। ਕਾਰਜ਼ਕਾਰੀ ਏਜੰਸੀ ਵਲੋਂ ਇਸ ਕੰਮ ਦੀ ਪ੍ਰਗਤੀ ਨਾ ਹੋਣ ਦਾ ਮੁੱਖ ਕਾਰਨ ਫੰਡਾਂ ਦੀ ਘਾਟ ਅਤੇ ਫੰਡਜ਼ ਪ੍ਰਾਪਤ ਨਾ ਹੋਣਾ ਦੱਸਿਆ ਗਿਆ ਹੈ, ਉਹਨਾਂ ਵਲੋਂ ਦੱਸਿਆ ਗਿਆ ਕਿ ਹੁਣ ਤੱਕ ਇਸ ਮੱਦ ਅਧੀਨ 1.33 ਕਰੋੜ ਰੁਪਏ ਹੀ ਪ੍ਰਾਪਤ ਹੋਏ ਹਨ, ਇਹ ਫੰਡਜ਼ ਵੀ ਦੂਸਰੀਆਂ ਏਜੰਸੀਆਂ ਦੀ ਅਦਾਇਗੀ ਲਈ ਹੀ ਪ੍ਰਾਪਤ ਹੋਏ ਹਨ। ਹੁਣ ਤੱਕ ਇਸ ਕੰਮ ਲਈ 2.50 ਕਰੋੜ ਰੁਪਏ ਦਾ ਕੰਮ ਹੋ ਚੁੱਕਾ ਹੈ। ਫੰਡਜ਼ ਪ੍ਰਾਪਤ ਨਾ ਹੋਣ ਕਰਕੇ ਇਹ ਕੰਮ ਸਬੰਧਤ ਠੇਕੇਦਾਰ ਵਲੋਂ ਨਹੀਂ ਕੀਤਾ ਜਾ ਰਿਹਾ ਹੈ। ਕਾਰਜ਼ਕਾਰੀ ਏਜੰਸੀ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਫਾਜਿਲਕਾ ਵਲੋਂ ਇਸ ਕੰਮ ਵਿਚ ਪ੍ਰਗਤੀ ਲਿਆਉਣ ਲਈ ਫੰਡਜ਼ ਦੀ ਮੰਗ ਕੀਤੀ ਹੈ। ਇਸ ਲਈ ਫੰਡਿੰਗ ਅਰਬਨ ਮਿਸ਼ਨ ਤਹਿਤ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵਲੋਂ ਕੀਤੀ ਜਾ ਰਹੀ ਹੈ।

ਲਿਹਾਜ਼ਾ ਫੰਡਜ਼ ਜ਼ਾਰੀ ਕਰਨ ਲਈ ਜੱਲਦ ਫੈਸਲਾ ਲੈਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਇਹ ਕੰਮ ਨੂੰ ਸਮੇਂ ਸਿਰ ਨੇਪਰੇ ਚਾੜਿਆ ਜਾ ਸਕੇ।

ਡਿਪਟੀ ਕਮਿਸ਼ਨਰ
ਫਾਜਿਲਕਾ।

ਨਵੀਂ ਡਾਕ/ਮਿਤੀ 16/10/18

# OFFICE OF DEPUTY COMMISSIONER, FAZILKA
# ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

ਪਿੱਠ ਅੰਕਣ ਨੰਬਰ: 637-638/LFA ਮਿਤੀ: 12/10/2018

ਇਸ ਦਾ ਉਤਾਰਾ:-

1. ਮੁੱਖ ਕਾਰਜਕਾਰੀ ਅਫਸਰ, ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਚੰਡੀਗੜ੍ਹ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।
2. ਕਾਰਜ਼ਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਅਬੋਹਰ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ
ਫਾਜ਼ਿਲਕਾ।

8354
16/10/18

16/10/18

17-10-2018

17/10/18

080-2-02

17/10